

# ਵਾਖੂ ਭਾਗ




## ਪੌਲੁਸ ਦੀ ਪਹਿਲੀ ਮਿਸ਼ਨਰੀ ਯਾਤਰਾ




ਪੌਲੁਸ ਦੀ ਪਹਿਲੀ ਅਤੇ ਦੂਜੀ ਮਿਸ਼ਨਰੀ ਯਾਤਰਾ

# ਸਹਿਯੋਗ : ਕਾਇਦੇ ਜਾਂ ਪਿਆਰ?

ਆਸਟ੍ਰੇਲੀਆ ਵਿਚ ਕੰਮ ਕਰਦਿਆਂ ਮੈ ਅਜਿਹੇ ਕਈ ਲੋਕਾਂ ਨਾਲ ਮਿਲਦਾ ਅਤੇ ਚਰਚਾ ਕਰਦਾ ਸਾਂ ਜੋ ਸਿਖਾਉਂਦੇ ਹਨ ਕਿ ਕਲੀਸੀਆ ਸਿਰਫ਼ ਇਕ ਖ਼ਾਸ ਢੰਗ ਨਾਲ ਹੀ ਸਹਿਯੋਗ ਕਰ ਸਕਦੀ ਹੈ। ਉਸ ਦੌਰਾਨ ਮੈਂ ਇਸ ਮੁਸ਼ਕਿਲ ਬਾਰੇ ਤਿੰਨ ਕਿਤਾਬਾਂ ਲਿਖੀਆਂ ( ਹੁਣ ਨਹੀਂ ਛਪ ਰਹੀਆਂ)। ਇਸ ਮੁੱਦੇ ਉੱਤੇ ਲਿਖਦਿਆਂ ਮੈਨੂੰ ਕਈ ਗੱਲਾਂ ਦਾ ਪਤਾ ਲੱਗਾ। ਪਹਿਲਾਂ ਤਾਂ ਮੈਨੂੰ ਇਹ ਪਤਾ ਲੱਗਾ ਕਿ ਇਕ ਖ਼ਾਸ ਤਰ੍ਹਾਂ ਦੇ ਸਹਿਯੋਗ ਹੀ ਵਚਨ ਦੇ ਮੁਤਾਬਕ ਹੋਣ ਦੀ ਗੱਲ ਮੰਨਣ ਵਾਲੇ ਲੋਕ ਆਪੋ ਵਿਚ ਹੀ ਉਸ ਉੱਤੇ ਸਹਿਮਤ ਨਹੀਂ ਹੁੰਦੇ, ਜਿਸ ਨੂੰ ਉਹ ''ਕਲੀਸੀਆ ਦੇ ਸਹਿਯੋਗ ਲਈ ਨਵੇਂ ਨੇਮ ਦਾ ਖ਼ਾਸ ਤਰੀਕਾ'' ਆਖਦੇ ਹਨ। ਇਸ ਸੋਚ ਵਾਲੇ ਕਿਸੇ ਆਦਮੀ ਨਾਲ ਵੀ ਗੱਲ ਕਰਨ ਤੋਂ ਪਹਿਲਾਂ ਮੇਰੇ ਲਈ ਜਾਣਨਾ ਜਰੂਰੀ ਸੀ ਕਿ ਅਸਲ 'ਚ ਉਸ ਆਦਮੀ ਦਾ ਵਿਸ਼ਵਾਸ ਕੀ ਸੀ ਅਤੇ ਕਿਉਂ ਸੀ।

ਇਸ ਤੋਂ ਵੀ ਵਧ ਕੇ ਅਹਿਮ, ਮੈਂ ਪਾਇਆ ਕਿ ਕੀਤੇ ਗਏ ਦਾਅਵੇ ਮੁਤਾਬਕ ''ਸਹਿਯੋਗ ਲਈ ਨਵੇਂ ਨੇਮ ਦੀ ਕਲੀਸੀਆ ਦਾ ਕੋਈ ਖ਼ਾਸ ਢੰਗ'' *ਨਹੀਂ* ਹੈ। ਕਲੀਸੀਆ ਅਤੇ ਨਵੇਂ ਨੇਮ ਦੀ ਖ਼ੁਦਮੁਖ਼ਤਿਅਰੀ ਤੇ ਨਵੇਂ ਨੇਮ ਦੀ ਸਿੱਖਿਆ ਕਿਸੇ ਵੀ ਮਨੁੱਖੀ ਸੰਗਠਨ ਜਾਂ ਕਲੀਸੀਆ ਦੇ ਸੰਗਠਨ ਨੂੰ ਵਚਨ ਮੁਤਾਬਕ ਸਹਿਯੋਗ ਕਰਨ ਵਾਲਾ ਸੰਗਠਨ ਨਹੀਂ ਮੰਨਦੀ, ਪਰ ਇਹਦੇ ਇਲਾਵਾ ''ਇਕ ਕਲੀਸੀਆ ਦਾ ਦੂਜੀ ਕਲੀਸੀਆ ਨਾਲ ਸਹਿਯੋਗ ਦਾ ਖ਼ਾਸ ਢੰਗ'' ਹੋਰ ਕੋਈ ਨਹੀਂ ਹੈ।

ਕੁਝ ਲੋਕ ਉਸ ਚੰਦੇ ਵਿਚ ਜੋ ''ਸੰਤਾਂ ਵਿੱਚੋਂ ਉਨ੍ਹਾਂ ਲਈ ਜਿਹੜੇ ਗਰੀਬ ਹਨ'' ( ਰੋਮੀਆਂ 15:26) ''ਖ਼ਾਸ ਢੰਗ'' ਵੇਖਦੇ ਹਨ, ਪਰ ''ਕਲੀਸੀਆਈ ਸਹਿਯੋਗ ਦਾ ( ਅਜਿਹਾ ਕੋਈ) ਖ਼ਾਸ ਢੰਗ'' ਨਹੀਂ ਹੈ। ਰਸੂਲਾਂ ਦੇ ਕੰਮ 11:27-30 ਇਹ ਨਹੀਂ ਕਹਿੰਦਾ ਕਿ ਅੰਤਾਕੀਆ ਦੀ *ਕਲੀਸੀਆ* ਨੇ ਯਰੂਸ਼ਲਮ ਦੀ *ਕਲੀਸੀਆ* ਲਈ ਮਦਦ ਭੇਜੀ। ਸਗੋਂ ਇਹ ਕਹਿੰਦਾ ਹੈ ਕਿ ਅੰਤਾਕੀਆ ਦੇ ''ਚੇਲਿਆਂ'' ਨੇ ਮਦਦ ਭੇਜੀ। ਇਹ ਕੰਮ ਪੂਰੀ ਮੰਡਲੀ ਨੇ ਮਿਲਕੇ ਕੀਤਾ ਹੋਵੇਗਾ ( ਜਿਵੇਂ ਮੈਂ ''ਪਹਿਲਾਂ... ਅੰਤਾਕੀਆ ਵਿਚ'' ਸਰਮਨ ਵਿਚ ਸੰਕੇਤ ਦਿੱਤਾ ਸੀ), ਪਰ ਜ਼ਰੂਰੀ ਨਹੀਂ ਹੈ। ਤਾਂ ਫਿਰ ਇਹ ਜ਼ੋਰ ਕਿਉਂ ਦਿੱਤਾ ਜਾਂਦਾ ਹੈ ਕਿ ਇਸ ਵਿਚ *ਕਲੀਸੀਆ-ਦਾ-ਕਲੀਸੀਆ* ਨਾਲ ਸਹਿਯੋਗ ਦਾ ''ਖ਼ਾਸ ਢੰਗ'' ਹੈ ਅਤੇ ਜੇ ਕੋਈ ਉਸ ਕਾਲਪਨਿਕ ''ਖ਼ਾਸ ਢੰਗ'' ਨਾਲ ਜੁੜਿਆ ਨਹੀਂ ਰਹਿੰਦਾ ਤਾਂ ਉਸ ਦਾ ਵਿਰੋਧ ਕਿਉਂ ਕੀਤਾ ਜਾਂਦਾ ਹੈ?

ਰਸੂਲਾਂ ਦੇ ਕੰਮ 11:27-30 ( 11:22 ਸਣੇ ) ਦੇ ਸੰਦਰਭ ਤੇ ਵਿਚਾਰ ਕਰਨ ਤੇ ਅਸੀਂ ਵੇਖਦੇ ਹਾਂ ਕਿ ਇੱਕੋ ਇਕ ''ਸਹਿਯੋਗ ਦਾ ਢੰਗ'' *ਆਮ* ਹੀ ਹੈ:(1) ਮੰਡਲੀ ਨੂੰ ਆਪਣੇ ਹੀ ਮੈਂਬਰਾਂ ਦੀ ਫ਼ਿਕਰ ਨਹੀਂ ਹੋਣੀ ਚਾਹੀਦੀ, ਸਗੋਂ ਹੋਰ ਮੰਡਲੀਆਂ ਵਿਚ ਵੀ ਦਿਲਚਸਪੀ ਲੈਣੀ ਚਾਹੀਦੀ ਹੈ। (2) ਮੰਡਲੀ ਲਈ ਮੌਕਾ ਮਿਲਣ ਤੇ ਹੋਰ ਮੰਡਲੀਆਂ ਦੀ ਮਦਦ ਕਰਨਾ ਅਤੇ ਪਿਆਰ ਅਤੇ ਹਮਾਇਤ ਦੇਣ ਲਈ ਤਿਆਰ ਰਹਿਣਾ ਜਰੂਰੀ ਹੈ।

# ਰੋਜ਼ਾ ਅਤੇ ਮਸੀਹੀ

ਮੈਨੂੰ ਬਾਈਬਲ ਵਿੱਚੋਂ ਰੋਜ਼ਾ ਰੱਖਣ ਦਾ ਕਈ ਹੁਕਮ ਨਹੀਂ ਲੱਭਾ। ਮੂਸਾ ਦੀ ਸ਼ਰ੍ਹਾ (ਪੁਰਾਣੇ ਨੇਮ ਦੀਆਂ ਪਹਿਲੀਆਂ ਪੰਜ ਕਿਤਾਬਾਂ) ਵਿਚ ਮੈਨੂੰ ''ਰੋਜ਼ਾ'' ਸ਼ਬਦ ਦਾ ਕੋਈ ਰੂਪ ਨਹੀਂ ਮਿਲਿਆ, ਮੂਸਾ ਦੀ ਸ਼ਰ੍ਹਾ ਵਿਚ ਇਸ ਨਾਲ ਬਹੁਤ ਮਿਲਦਾ-ਜੁਲਦਾ ਵਿਚਾਰ ਮਨ ਨੂੰ ਹਲੀਮ ਕਰਨਾ ਹੈ ( ਉਦਾਹਰਣ, ਲੇਵੀਆਂ ਦੀ ਪੋਥੀ 16:29, 31)। ਮਨ ਨੂੰ ਹਲੀਮ ਕਰਨ ਦਾ ਇਕ ਤਰੀਕਾ ਰੋਜ਼ਾ ਰੱਖਣਾ ਹੈ ( ਵੇਖੋ ਜ਼ਬੂਰ 35:13)। ਪੁਰਾਣੇ ਨੇਮ ਦੇ ਮਗਰਲੇ ਹਿੱਸੇ ਵਿਚ, ਰੋਜ਼ੇ ਦਾ ਸਬੰਧ ਪਾਪ ਤੋਂ ਪਛਤਾਉਣ ਨਾਲ ਹੈ। ਜ਼ਕਰਯਾਹ ਦੇ ਵਕਤ ਯਹੂਦੀਆਂ ਦੇ ਇਤਿਹਾਸ ਦੀਆਂ ਕੁਝ ਮਾੜੀਆਂ ਘਟਨਾਵਾਂ ਨੂੰ ਯਾਦ ਕਰਨ ਲਈ ਚੌਥੇ, ਪੰਜਵੇਂ, ਸਤਵੇਂ ਅਤੇ ਦਸਵੇਂ ਮਹੀਨੇ ਰੋਜ਼ਾ ਰੱਖਿਆ ਜਾਂਦਾ ਸੀ। ਯਿਸੂ ਦੇ ਵਕਤ ਤਕ, ਸਲਾਨਾ ਪਰਬਾਂ ਦੇ ਇਲਾਵਾ, ਫ਼ਰੀਸੀਆਂ ਨੇ ਹਫ਼ਤੇ ਦੇ ਦੋ ਦਿਨ ( ਲੂਕਾ 18:12 ) ਯਾਨੀ ਪੰਜਵਾਂ ਦਿਨ (ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਉਸ ਦਿਨ ਮੂਸਾ ਪੱਥਰ ਦੀਆਂ ਪੱਟੀਆਂ ਲੈ ਕੇ ਪਹਾੜ ਉੱਤੇ ਗਿਆ ਸੀ) ਅਤੇ ਦੂਜਾ ਦਿਨ ( ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਉਸ ਦਿਨ ਉਹ ਵਾਪਸ ਆਇਆ ਸੀ ) ਰੋਜ਼ੇ ਲਈ ਠਹਿਰਾ ਦਿੱਤਾ ਸੀ।


ਮੱਤੀ 6:16-18 ਵਿਚ ਯਿਸੂ ਨੇ ਹੁਕਮ ਤਾਂ ਨਹੀਂ, ਪਰ ਪਛਤਾਵੇ ਦਾ ਇਜ਼ਹਾਰ ਕਰਨ ਦਾ ਮੰਨਣ ਯੋਗ ਸਾਧਨ ਦੱਸਿਆ। ਪਰ ਉਹਨੇ ਜ਼ੋਰ ਦਿੱਤਾ ਕਿ ਰੋਜ਼ਾ ਵਿਖਾਵੇ ਲਈ ਨਹੀਂ ਹੋਣਾ ਚਾਹੀਦਾ, ਭਾਵ ਖ਼ੁਦਾ ਅਤੇ ਰੋਜ਼ਾ ਰੱਖਣ ਵਾਲੇ ਨੂੰ ਹੀ ਪਤਾ ਹੋਵੇ। ਇਕ ਹੋਰ ਮੌਕੇ ਤੇ ਮਰਕੁਸ 2:18-20 (ਤੁਲਨਾ ਮੱਤੀ 9:14-15; ਲੂਕਾ 5:33-35) ਵਿਚ ਯਿਸੂ ਨੇ ਰੋਜ਼ੇ ਦੀ ਗੱਲ ਕੀਤੀ। ਧਿਆਨ ਦਿਓ ਕਿ ਯਿਸੂ ਦੇ ਚੇਲੇ ਰੋਜ਼ਾ ਨਹੀਂ ਰੱਖਦੇ ਸਨ। ( ਜੇ ਰੋਜ਼ਾ ਮੁਕਤੀ ਲਈ ਜ਼ਰੂਰੀ ਸੀ, ਤਾਂ ਉਨ੍ਹਾਂ ਜ਼ਰੂਰ ਰੱਖਣਾ ਸੀ। ) ਦੂਜੇ ਪਾਸੇ, ਯਿਸੂ ਨੇ, ਮੰਨਿਆ ਕਿ ਉਹਦੇ ਧਰਤੀ ਤੋਂ ਜਾਣ ਦੇ ਬਾਅਦ ਉਨ੍ਹਾਂ ਨੇ ਰੋਜ਼ਾ ਰੱਖਣਾ ਸੀ। ਕਦ ਅਤੇ ਕਿਉਂ, ਇਹ ਨਹੀਂ ਦੱਸਿਆ ਗਿਆ।

ਇਹਦੇ ਨਾਲ ਹੀ ਅਸੀਂ ਮਸੀਹੀ ਯੁੱਗ ਵਿਚ ਆ ਜਾਂਦੇ ਹਾਂ। ਕਿਸੇ ਮਸੀਹੀ ਦੇ ਆਪਣੀ ਸ਼ਰਧਾ ਵਿਖਾਉਣ ਲਈ ਰੋਜ਼ਾ ਰੱਖਣ ਦੀ ਗੱਲ ਪੜ੍ਹਨ ਨੂੰ ਨਹੀਂ ਮਿਲਦੀ (ਉਨ੍ਹਾਂ ਨੂੰ ਛੱਡ ਕੇ ਜਦ ਪੌਲੁਸ ਨੇ ਬਿਨ ਚਾਹਿਆਂ ਰੋਜ਼ਾ ਰੱਖਿਆ ਜਿਸ ਵਿਚ ਉਹਨੂੰ ਖਾਣਾ ਨਹੀਂ ਮਿਲਿਆ ਸੀ [2 ਕੁਰਿੰਥੀਆਂ 6:5; 11:27 ]) ਰਸੂਲਾਂ ਦੇ ਕੰਮ 13:2 ਅਤੇ 14:23 ਵਿਚ ਮਸੀਹੀ ਲੋਕਾਂ ਵੱਲੋਂ ਮਰਜ਼ੀ ਨਾਲ ਰੱਖੇ ਰੋਜ਼ੇ ਦੇ ਦੋ ਹੀ ਹਵਾਲੇ ਮਿਲਦੇ ਹਨ। ਦੋਵੇਂ ਹੀ ਹਵਾਲੇ ਮੰਡਲੀ ਦੇ ਰੋਜ਼ਾ ਰੱਖਣ ਬਾਰੇ ਹਨ। ( KJV ਵਿਚ ਹੋਰ ਕਈ ਥਾਂ ''ਰੋਜ਼ੇ'' ਦਾ ਜ਼ਿਕਰ ਹੈ, ਪਰ ਉਨ੍ਹਾਂ ਨੂੰ ਬੇਹਤਰ ਪੁਰਾਤਨ ਹੱਥਲਿਖਤਾਂ ਦੀ ਹਮਾਇਤ ਨਹੀਂ ਹੈ। ) ਜੇ ਮਸੀਹੀ ਲੋਕ ਗੁਪਤ ਵਿਚ ਰੋਜ਼ਾ ਰੱਖਦੇ ਸਨ (ਅਤੇ ਮਰਕੁਸ 2 ਦੇ ਅਧਾਰ ਦੇ ਅਸੀਂ ਮੰਨਦੇ ਹਾਂ ਕਿ ਉਹ ਰੱਖਦੇ ਸਨ), ਤਾਂ ਖ਼ੁਦਾ ਨੇ ਸਾਨੂੰ ਇਹਦੇ ਬਾਰੇ ਦੱਸਣ ਦੀ ਲੋੜ ਨਹੀਂ ਸਮਝੀ।

ਮੈਂ ਇਨ੍ਹਾਂ ਨਤੀਜਿਆਂ ਤੇ ਪਹੁੰਚਿਆ ਹਾਂ:(1) ਰੋਜ਼ਾ ਰੱਖਣਾ ਮਸੀਹੀ ਵਿਅਕਤੀ ਦੀ ਆਪਣੀ ਮਰਜ਼ੀ ਤੇ ਹੈ। ਨਵੇਂ ਨੇਮ ਵਿਚ ਰੋਜ਼ੇ ਲਈ ਕੋਈ ''ਨਿਯਮ''( ਕਿ ਕਦੋਂ ਅਤੇ ਕਿਵੇਂ ਰੱਖਿਆ ਜਾਵੇ) ਨਹੀਂ ਹੈ। ਕਈ ਲੋਕ ਯੋਜਨਾਬੱਧ ਢੰਗ ਨਾਲ ਲਗਾਤਾਰ ਰੋਜ਼ਾ ਰੱਖਣ ਨੂੰ ਰੂਹਾਨੀ ਤਰੱਕੀ ਲਈ ਫ਼ਾਇਦੇਮੰਦ ਮੰਨਦੇ ਹਨ ਅਤੇ ਕਈ ਨਹੀਂ। (2) ਰੋਜ਼ੇ ਨੂੰ ਆਮ ਤੋਰ ਤੇ

ਦੁਆ ਨਾਲ ਜੋੜਿਆ ਜਾਂਦਾ ਹੈ। ਦੁਆ ਕਰਨ ਵਾਲੇ ਲੋਕ ਖ਼ੁਦਾ ਨਾਲ ਗੱਲਬਾਤ ਵਿਚ ਐਨਾ ਕੁ ਲੀਨ ਹੋ ਗਏ ਕਿ ਓਨ੍ਹਾਂ ਨੂੰ ਭੁੱਖ ਪਿਆਸ ਦਾ ਧਿਆਨ ਨਾ ਰਿਹਾ। ਸਾਡੀ ਸਭ ਦੀ ਦੁਆਈਆ ਜ਼ਿੰਦਗੀ ਇਸੇ ਤਰ੍ਹਾਂ ਦੀ ਹੋਣੀ ਚਾਹੀਦੀ ਹੈ। (3) ਰੋਜ਼ਾ ਕਿਸੇ ਦੀ ਆਪਣੀ ਮਰਜ਼ੀ ਮੁਤਾਬਕ ਹੋ ਸਕਦਾ ਹੈ ਪਰ ਆਮ ਨਿਯਮ ਹੈ ਕਿ ਪ੍ਰਭੂ ਦਾ ਕੰਮ ਹੋਰ ਕਿਸੇ ਵੀ ਗੱਲ ( ਖਾਣੇ ਸਮੇਤ ) ਨਾਲੋਂ ਵਧਕੇ ਅਹਿਮ ਹੈ (ਮੱਤੀ 6:33)। ਮੈਂ ਅਜਿਹੇ ਕਈ ਸੰਤਾਂ ਨੂੰ ਜਾਣਦਾ ਹਾਂ ਜਿਨ੍ਹਾਂ ਨੇ ਕਿਸੇ ਸੱਚੇ ਮਨ ਵਾਲੇ ਨੂੰ ਸਿਖਾਉਣ ਜਾਂ ਟੁੱਟੇ ਦਿਲ ਨੂੰ ਦਿਲਾਸਾ ਦੇਣ ਲਈ ਖ਼ੁਸ਼ੀ-ਖ਼ੁਸ਼ੀ ਖਾਣੇ ਦੀ ਵੀ ਪਰਵਾਹ ਨਾ ਕੀਤੀ (ਯਾਨੀ ਰੋਜ਼ਾ ਰੱਖਿਆ)।

# ਹੈਰੋਦੇਸ ਦਾ ਘਰਾਣਾ




ਇੱਥੇ ਸਾਡੇ ਬਾਈਬਲ ਅਧਿਐਨ ਨਾਲ ਸਬੰਧਿਤ ਪਰਿਵਾਰ ਦੇ ਲੋਕਾਂ ਦਾ ਹੀ ਨਾਂਅ ਦਿੱਤਾ ਗਿਆ ਹੈ। ਅਰਖਿਲਾਉਸ ਅਤੇ ਹੈਰੋਦੇਸ ਅੰਤੀਪਾਸ ਨੂੰ ਛੱਡ ਕੇ ਜਿਨ੍ਹਾਂ ਦੀ ਮਾਂ ਇੱਕੋ ਸੀ, ਹੈਰੋਦੇਸ ਮਹਾਨ ਦੇ ਸਭ ਬੱਚੇ ਵੱਖੋ-ਵੱਖ ਪਤਨੀ ਤੋਂ ਹੋਏ। ਉੱਪਰ ਦਿੱਤੇ ਬਾਰ੍ਹਾਂ ਵਿੱਚੋਂ ਸਿਰਫ਼ ਅਰਿਸਤੋਬੁਲੁਸ ਦਾ ਨਾਂਅ ਹੀ ਨਵੇਂ ਨੇਮ ਵਿਚ ਨਹੀਂ ਹੈ। ਸਲੋਮੀ ਦਾ ਨਾਂਅ ਨਹੀਂ ਹੈ, ਪਰ ਮੱਤੀ 14 ਅਤੇ ਮਰਕੁਸ 6 ਵਿਚ ਉਸ ਦਾ ਜ਼ਿਕਰ ''ਹੈਰੋਦਿਆਸ ਦੀ ਧੀ'' ਦੇ ਰੂਪ ਵਿਚ ਹੈ।

——— ਹੈਰੋਦੇਸ ਦੇ ਘਰਾਣੇ ਦੇ ਵੰਸ ਦਾ ਰਿਸ਼ਤਾ ਦਰਸਾਉਂਦਾ ਹੈ

- - - - ਹੈਰੋਦੇਸ ਅੰਤੀਪਾਸ ਦੇ ਆਪਣੀ ਭਤੀਜੀ ਹੈਰੋਦਿਆਸ ਨਾਲ ਵਿਆਹ ਨੂੰ ਦਰਸਾਉਂਦਾ ਹੈ

• • • • • ਹੈਰੋਦੇਸ ਫ਼ਿਲਿੱਪੁਸ ਪਹਿਲੇ ਦੇ ਆਪਣੀ ਭਤੀਜੀ ਹੈਰੋਦਿਆਸ ਨਾਲ ਵਿਆਹ ਨੂੰ ਦਰਸਾਉਂਦਾ ਹੈ



© 2009 Truth for Today